



ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।





ਮੁੱਖ ਸੰਪਾਦਕ
ਸਰਬਜੋਤ ਸਿੰਘ ਖਾਲਸਾ

ਮੁੱਖ ਸੰਪਾਦਕ ਸਰਬਜੋਤ ਸਿੰਘ ਖਾਲਸਾ | www.fatehtimesmedia.com | Email- fatehtimes1699@gmail.com

ਰਜਿ ਨੰ : ਪੀ ਬੀ 22000167 | ਫਤਿਹਾਬਾਦ , ਸ਼ੁੱਕਰਵਾਰ 2 ਮਈ 2025 , ਨਾਨਕਸ਼ਾਹੀ 20 ਵੈਸਾਖ , ਸੰਮਤ 557 | ਸਾਲ: 4, ਅੰਕ 81, ਪੰਨੇ: 4, ਮੁੱਲ: 4 ਰੁਪਏ


## ਬੀਬੀਐਮਬੀ ਵੱਲੋਂ ਹਰਿਆਣੇ ਨੂੰ ਵੱਧ ਪਾਣੀ ਭੇਜਣ ਦੇ ਫੈਸਲੇ ਦਾ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਸਖ਼ਤ ਵਿਰੋਧ

**ਕੇਂਦਰ ਸਰਕਾਰ ਵੱਲੋਂ ਲਿਆ ਗਿਆ ਇਹ ਫੈਸਲਾ ਪੰਜਾਬ ਉੱਤੇ ਪਾਣੀ ਰਾਹੀਂ ਕੀਤਾ ਮਾਰੂ ਹਮਲਾ : ਬਾਪੂ ਤਰਸੇਮ ਸਿੰਘ**



ਅੰਮ੍ਰਿਤਸਰ, 1 ਮਈ (ਐਸ ਐਸ ਸੰਧਾ) ਅਕਾਲੀ ਦਲ ਵਾਰਿਸ ਪੰਜਾਬ ਦੇ ਭਾਖੜਾ-ਬਿਆਸ ਮੈਨੇਜਮੈਂਟ ਬੋਰਡ (ਭਬੰਭ) ਵੱਲੋਂ ਕੇਂਦਰੀ ਦਬਾਅ ਹੇਠ ਹਰਿਆਣੇ ਨੂੰ ਵਾਧੂ ਪਾਣੀ ਛੱਡਣ ਦੇ ਫੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ। ਇਹ ਕੇਵਲ ਇਕ ਤਕਨੀਕੀ ਫੈਸਲਾ ਨਹੀਂ, ਸਗੋਂ ਪੰਜਾਬ ਦੇ ਹੱਕਾਂ ਉੱਤੇ ਕੀਤਾ ਗਿਆ ਕੇਂਦਰ ਦਾ ਸਿਆਸੀ ਹਮਲਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਸੇਵਾਦਾਰ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਪਿਤਾ ਬਾਪੂ ਤਰਸੇਮ ਸਿੰਘ ਜੀ ਨੇ ਇਕ ਪ੍ਰੈਸ ਨੋਟ ਰਾਹੀਂ ਕੀਤਾ। ਉਹਨਾਂ ਕਿਹਾ ਕਿ ਇੱਕ ਪਾਸੇ, ਪੰਜਾਬ ਦੇ ਕਿਸਾਨ ਆਪਣੀ ਜ਼ਮੀਨ ਦੀ ਸਿੰਚਾਈ ਲਈ ਪਾਣੀ ਨੂੰ ਤਰਸ ਰਹੇ ਹਨ, ਜਿਣਸੀ ਖੇਤਰ ਸੁੱਕ ਰਹੇ ਹਨ, ਪਾਣੀ ਦਾ ਪੱਧਰ ਦਿਨ ਬ ਦਿਨ ਨੀਵਾਂ ਹੁੰਦਾ ਜਾ ਰਿਹਾ ਹੈ ਦੂਜੇ ਪਾਸੇ ਕੇਂਦਰ ਸਰਕਾਰ ਦਿੱਲੀ ਦੀ ਪਿਆਸ ਬੁਝਾਉਣ ਲਈ ਹਰਿਆਣੇਂ ਰਾਹੀਂ ਪੰਜਾਬ ਦਾ ਪਾਣੀ ਛੱਡ ਰਹੀ ਹੈ। ਇਹ ਸਿੱਧਾ ਸਿੱਧਾ ਪੰਜਾਬ ਦੇ ਹੱਕਾਂ ਤੇ ਡਾਕਾ ਹੈ। ਉਹਨਾਂ ਕਿਹਾ ਕਿ ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਪੰਜਾਬ ਸਰਕਾਰ ਵੀ ਸਿਰਫ਼ ਬਿਆਨਬਾਜ਼ੀ 'ਚ ਰੁੱਝੀ ਹੋਈ ਹੈ, ਨਾਂ ਕਿਸੇ ਨੇ ਅਦਾਲਤ ਚ ਰਿੱਟ ਪਾਈ, ਨਾ ਬੀਬੀਐਮਬੀ ਦੇ ਫੈਸਲੇ ਨੂੰ ਰੋਕਣ ਲਈ ਕੋਈ (ਬਾਕੀ ਸਫਾ 2

## ਟੈਕਨੀਕਲ ਸਰਵਿਸਿਜ਼ ਯੂਨੀਅਨ ਸਿਟੀ ਸਰਕਲ ਵਲੋ ਲਹਿਰਾਇਆ ਗਿਆ ਜਥੇਬੰਦੀ ਦਾ ਝੰਡਾ



ਅੰਮ੍ਰਿਤਸਰ 1 ਮਈ (ਪ ਪ) ਮਈ ਦਿਵਸ ਤੇ ਟੈਕਨੀਕਲ ਸਰਵਿਸਿਜ਼ ਯੂਨੀਅਨ ਸਿਟੀ ਸਰਕਲ ਅੰਮ੍ਰਿਤਸਰ ਵਿਖੇ ਜਥੇਬੰਦੀ ਦਾ ਝੰਡਾ ਲਹਿਰਾਇਆ ਗਿਆ ਇਸ ਮੌਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ ਅਤੇ ਜਥੇਬੰਦੀ ਦੇ ਆਗੂਆਂ ਅਤੇ ਮੈਂਬਰਾਂ ਵੱਲੋਂ ਇਹ ਪ੍ਰਣ ਕੀਤਾ ਗਿਆ ਕਿ ਉਹ ਹਮੇਸ਼ਾ ਜਥੇਬੰਦੀ ਦੇ ਨਾਲ ਖੜੇ ਰਹਿਣਗੇ ਅਤੇ ਸਰਕਾਰਾਂ ਦੀਆਂ ਧੱਕੇਸ਼ਾਹੀਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਦੇ ਰਹਿਣਗੇ ਜਥੇਬੰਦੀ ਦਾ ਝੰਡਾ ਟੈਕਨੀਕਲ ਸਰਵਿਸ ਯੂਨੀਅਨ ਸਿਟੀ ਸਰਕਲ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਜੱਸਲ ਅਤੇ ਆਲ ਕੇਡਰ ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਮਦਨ ਲਾਲ ਸ਼ਰਮਾ ਜੀ ਵੱਲੋਂ ਲਹਿਰਾਇਆ ਗਿਆ ਇਸ ਮੌਕੇ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੇ ਸਰਕਲ ਪ੍ਰਧਾਨ ਹਰਪਾਲ ਸਿੰਘ ਅਤੇ ਬਿਕਰਮ ਵੀ ਮੌਜੂਦ ਰਹੇ ਇਸ ਤੋਂ ਇਲਾਵਾ ਮੀਤ ਪ੍ਰਧਾਨ ਰਣਜੀਤ ਸਿੰਘ,ਸ੍ਰੀ ਰਾਜੀਵ ਸਲਵਾਨ, ਸਕੱਤਰ ਸਰਦਾਰ ਹਰਿੰਦਰ ਪਾਲ ਸਿੰਘ, ਸ੍ਰੀ ਰਾਮ ਕਿਸ਼ਨ,ਸ੍ਰੀ ਰਮੇਸ਼ ਕੁਮਾਰ, ਪ੍ਰਧਾਨ ਦਵਿੰਦਰ ਸਿੰਘ, ਰਜਿੰਦਰ ਸਿੰਘ ਜੱਸਲ ਆਦਿ ਹਾਜ਼ਰ ਸਨ।

## ਸ਼ਿਕਾਗੋ ਦੇ ਸ਼ਹੀਦਾਂ ਨੂੰ ਕੀਤਾ ਯਾਦ

**ਸਰਬਜੋਤ ਸਿੰਘ ਖਾਲਸਾ**

ਅੰਤਰਰਾਸ਼ਟਰੀ ਮਜ਼ਦੂਰ ਦਿਵਸ 1 ਮਈ ਮੌਕੇ ਸਮੁੱਚੇ ਪੰਜਾਬ ਦੀਆਂ ਕਿਰਤੀ ਜਥੇਬੰਦੀਆਂ ਨੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕੀਤਾ। ਜਿਕਰਯੋਗ ਹੈ ਕਿ ਮਜਦੂਰ ਦਿਵਸ ਨੂੰ ਮਨਾਉਣ ਦੀ ਸ਼ੁਰੂਆਤ 1 ਮਈ 1886 ਤੋਂ ਮੰਨੀ ਜਾਂਦੀ ਹੈ ਜਦੋਂ ਅਮਰੀਕਾ ਦੀਆਂ ਮਜ਼ਦੂਰ ਯੂਨੀਅਨਾਂ ਨੇ ਕੰਮ ਦਾ ਸਮਾਂ 8 ਘੰਟੇ ਤੋਂ ਵੱਧ ਨਾ ਰੱਖੇ ਜਾਣ ਲਈ ਹੜਤਾਲ ਕੀਤੀ ਸੀ। ਇਸ ਹੜਤਾਲ ਦੌਰਾਨ ਸ਼ਿਕਾਗੋ ਦੀ ਹੇਅ ਮਾਰਕੀਟ ਵਿੱਚ ਬੰਬ ਧਮਾਕਾ ਹੋਇਆ ਸੀ। ਇਹ ਬੰਬ ਕਿਸ ਨੇ ਸੁੱਟਿਆ ਕੋਈ ਪਤਾ ਨਹੀਂ। ਇਸ ਦੇ ਸਿੱਟੇ ਵਜੋਂ ਪੁਲੀਸ ਨੇ ਮਜਦੂਰਾਂ ਉੱਤੇ ਗੋਲੀ ਚਲਾ ਦਿੱਤੀ ਅਤੇ ਸੱਤ ਮਜਦੂਰ ਮਾਰ ਦਿੱਤੇ। "ਭਰੋਸੇਯੋਗ ਗਵਾਹਾਂ ਨੇ ਤਸਦੀਕ ਕੀਤੀ ਕਿ ਪਿਸਟਲਾਂ ਦੀਆਂ ਸਾਰੀਆਂ ਫਲੈਸ਼ਾਂ ਗਲੀ ਦੇ ਕੇਂਦਰ ਵਲੋਂ ਆਈਆਂ ਜਿਥੇ ਪੁਲਿਸ ਖੜੀ ਸੀ, ਅਤੇ ਭੀੜ ਵਲੋਂ ਇੱਕ ਵੀ ਫ੍ਲੈਸ਼ ਨਹੀਂ ਆਈ। ਇਸ ਤੋਂ ਵੀ ਅਗਲੀ ਗੱਲ, ਮੁਢਲੀਆਂ ਅਖਬਾਰੀ ਰਿਪੋਰਟਾਂ ਵਿੱਚ ਭੀੜ ਵਲੋਂ ਗੋਲੀਬਾਰੀ ਦਾ ਕੋਈ ਜ਼ਿਕਰ ਨਹੀਂ। ਇਸ ਮੌਕੇ ਚੱਲੀਆਂ ਗੋਲੀਆਂ ਸਾਰੀਆਂ ਦੀਆਂ ਸਾਰੀਆਂ ਪੁਲਿਸ ਵਾਲੇ ਪਾਸੇ ਤੋਂ ਆਈਆਂ ਸਨ। ਭਾਵੇਂ ਇਨ੍ਹਾਂ ਘਟਨਾਵਾਂ ਦਾ ਅਮਰੀਕਾ ਉੱਤੇ ਇਕਦਮ ਕੋਈ ਵੱਡਾ ਪ੍ਰਭਾਵ ਨਹੀਂ ਪਿਆ ਸੀ ਪਰ ਕੁਝ ਸਮੇਂ ਬਾਅਦ ਅਮਰੀਕਾ ਵਿੱਚ 8 ਘੰਟੇ ਕੰਮ ਕਰਨ ਦਾ ਸਮਾਂ ਨਿਸ਼ਚਿਤ ਕਰ ਦਿੱਤਾ ਗਿਆ ਸੀ। ਮੌਜੂਦਾ ਸਮੇਂ ਭਾਰਤ ਅਤੇ ਹੋਰ ਮੁਲਕਾਂ ਵਿੱਚ ਮਜ਼ਦੂਰਾਂ ਦੇ 8 ਘੰਟੇ ਕੰਮ ਕਰਨ ਸੰਬੰਧੀ ਕਾਨੂੰਨ ਲਾਗੂ ਹੈ।

## ਪੰਜਾਬ ਦੇ ਪਾਣੀਆਂ 'ਤੇ ਹੱਕ ਸਿਰਫ਼ ਪੰਜਾਬ ਦਾ, ਕੇਂਦਰ ਅਤੇ ਸੂਬਾ ਸਰਕਾਰਾਂ ਸਿਆਸੀ ਧੱਕੇਸ਼ਾਹੀਆਂ ਬੰਦ ਕਰਨ - ਬ੍ਰਹਮਪੁਰਾ



**ਜ਼ਮੀਨੀ ਹਕੀਕਤ 'ਚ ਜ਼ੀਰੋ, ਵਾਅਦਿਆਂ 'ਚ ਹੀਰੋ: 'ਆਪ' ਸਰਕਾਰ 'ਤੇ ਬ੍ਰਹਮਪੁਰਾ ਦਾ ਤਿੱਖਾ ਵਾਰ**

ਤਰਨ ਤਾਰਨ 1 ਮਈ (ਐਸ ਐਸ ਸੰਧਾ) ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਖਡੂਰ ਸਾਹਿਬ ਹਲਕਾ ਇੰਚਾਰਜ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਕਰਦਿਆਂ ਪੰਜਾਬ ਦੇ ਪਾਣੀਆਂ ਦੇ ਮਸਲੇ 'ਤੇ ਗੰਭੀਰ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਪੰਜਾਬ, ਜਿਸਦੀ ਧਰਤੀ ਗੁਰੂਆਂ ਅਤੇ ਪੀਰਾਂ ਦੀ ਚਰਨ ਛੋਹ ਪ੍ਰਾਪਤ ਹੈ, ਇੱਕ ਖ਼ੇਤੀ ਪ੍ਰਧਾਨ ਸੂਬਾ ਹੈ ਅਤੇ ਰਿਪੇਰੀਅਨ ਸਿਧਾਂਤ ਅਨੁਸਾਰ ਇੱਥੋਂ ਦੇ ਪਾਣੀਆਂ 'ਤੇ ਸਿਰਫ਼ ਅਤੇ ਸਿਰਫ਼ ਪੰਜਾਬੀਆਂ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਇਸ ਪਾਣੀ ਦੀ ਵੰਡ ਵਿੱਚ ਨਾ-ਇਨਸਾਫ਼ੀ ਦਾ ਸ਼ਿਕਾਰ ਹੋ ਚੁੱਕਾ ਹੈ, ਜਿਸ ਕਾਰਨ ਸੂਬੇ ਦੀ ਆਰਥਿਕਤਾ ਅਤੇ ਕਿਸਾਨਾਂ ਦੀ ਹਾਲਤ ਬਹੁਤ ਮਾੜੀ ਹੋ ਗਈ ਹੈ।ਸ੍ਰ. ਬ੍ਰਹਮਪੁਰਾ ਨੇ ਕੇਂਦਰ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਦੀ ਸੂਬਾ ਸਰਕਾਰ ਦੋਵਾਂ ਨੂੰ ਸਖ਼ਤ ਸ਼ਬਦਾਂ ਵਿੱਚ ਨਿੰਦਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਨਾਲ ਲਗਾਤਾਰ ਵਿਤਕਰਾ ਕਰ ਰਹੀ ਹੈ ਅਤੇ ਪੰਜਾਬ ਦੇ ਹੱਕਾਂ ਨੂੰ ਦਬਾ ਰਹੀ ਹੈ। ਸੂਬਾ ਸਰਕਾਰ 'ਤੇ ਹਮਲਾ ਬੋਲਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਇਸ ਸੰਵੇਦਨਸ਼ੀਲ ਮੁੱਦੇ 'ਤੇ ਪੂਰੀ ਤਰ੍ਹਾਂ ਨਾਲ ਫੇਲ੍ਹ ਸਾਬਤ ਹੋਏ ਹਨ ਅਤੇ ਪੰਜਾਬ ਦੇ ਹਿੱਤਾਂ ਦੀ ਰਾਖ਼ੀ ਕਰਨ ਵਿੱਚ ਨਾਕਾਮ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਰਕਾਰ ਸਿਰਫ਼ ਵਾਅਦੇ ਕਰਦੀ ਹੈ, ਪਰ ਜ਼ਮੀਨੀ ਹਕੀਕਤ ਤੋਂ ਦੂਰ ਹੈ। ਹਰਿਆਣਾ ਨੂੰ ਪਾਣੀ ਦੇਣ ਦੇ ਮਾਮਲੇ 'ਤੇ ਸੂਬਾ ਸਰਕਾਰ ਦਾ ਰਵੱਈਆ ਢਿੱਲਾ ਰਿਹਾ ਹੈ। (ਬਾਕੀ ਸਫਾ 2 ਤੇ)


**LIC** ਭਾਰਤੀਯ ਜੀਵਨ ਬੀਮਾ ਨਿਗਮ LIFE INSURANCE CORPORATION OF INDIA

**ਬੀਮਾ ਸੇਵਾ ਕੇਂਦਰ**

ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ,
ਲੜਕੀਆਂ ਲਈ ਕੰਨਿਆਦਾਨ ਪੌਲਸੀ,
ਬੁਢਾਪਾ ਪੈਨਸ਼ਨ ਸਕੀਮ,ਮਨੀ ਬੈਂਕ ਪੌਲਸੀ,
ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।

ਡੈਂਥ ਕਲੇਮ,ਮਚਿਉਰਟੀ ਜਾ ਫਿਰ ਹੋਰ
ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575

ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।


## ਮੰਡੀ ਮਜ਼ਦੂਰਾਂ ਨੇ ਮਜ਼ਦੂਰ ਦਿਵਸ ਮਨਾਇਆ



ਤਪਾ ਮੰਡੀ, 1 ਮਈ (ਧੀਮਾਨ) ਬਾਹਰਲੀ ਅਨਾਜ ਮੰਡੀ ਤਪਾ ਵਿਖੇ ਮਜਦੂਰਾਂ ਵੱਲੋਂ ਕੌਮਾਤਰੀ ਮਜਦੂਰ ਦਿਵਸ ਮਨਾਇਆ ਗਿਆ। ਇਸ ਮੋਕੇ ਚੁਣੀ ਪੰਜ ਮੈਂਬਰੀ ਕਮੇਟੀ ਦੇ ਪ੍ਰਧਾਨ ਮੰਗਤ ਰਾਏ,ਸੋਨੂ ਰਾਮ ਸਾਬਕਾ ਕੌਸਲਰ,ਜੱਗਾ ਸਿੰਘ,ਨਾਨਕ ਸਿੰਘ ਅਤੇ ਬਿਟੂ ਸਿੰਘ ਨੇ ਸਿਕਾਂਗੋ ਦੇ ਮਜਦੂਰਾਂ ਨੂੰ ਲਾਲ ਸਲਾਮ ਕਰਦਿਆਂ ਕਿਹਾ ਕਿ ਦਿਨੋ-ਦਿਨ ਅਮੀਰ-ਗਰੀਬ ਦਾ ਪਾੜਾ ਵੱਧ ਰਿਹਾ ਹੈ ਸਮੇਂ ਦੀ ਮੰਗ ਹੈ ਕਿ ਮਜਦੂਰ ਕਿਸਾਨ ਆਮ ਵਰਕਰ ਇੱਕ ਮੰਚ 'ਤੇ ਇਕੱਠੇ ਹੋਣ ਕਿਉਂਕਿ ਸਰਕਾਰਾਂ ਵੱਲੋਂ ਮਜਦੂਰਾਂ ਦੇ ਹੱਕ ਖੋਹੇ ਜਾ ਰਹੇ ਹਨ,ਜੇਕਰ ਅਸੀਂ ਇਕੱਠੇ ਨਹੀਂ ਹੋਏ ਤਾਂ ਕਿਸਾਨਾਂ-ਮਜਦੂਰਾਂ ਦਾ ਹਾਲਾਤ ਗੁਲਾਮਾਂ ਵਰਗੇ ਹੋ ਜਾਣਗੇ। ਇਸ ਮੋਕੇ ਯੋਗ ਰਾਜ,ਦੇਵ ਸਿੰਘ,ਘੋਨਾ ਸਿੰਘ,ਪੀਚਾ ਠੇਕੇਦਾਰ,ਨੈਬ ਸਿੰਘ,ਮਾਖਾ ਸਿੰਘ,ਅਮਨ ਸਿੰਘ,ਸਿੰਗਾਰਾ ਸਿੰਘ,ਰਵੀ ਕੁਮਾਰ,ਛੱਜੂ ਰਾਮ,ਬੂਰਾ ਸਿੰਘ,ਹਨੀ ਕੁਮਾਰ,ਪ੍ਰਵੀਨ ਕੁਮਾਰ,ਕਾਲਾ ਆਦਿ ਹਾਜਰ ਸਨ।

## ਟੈਕਨੀਕਲ ਸਰਵਿਸ ਯੂਨੀਅਨ ਮਖੂ ਦੇ ਸੱਦੇ ਤੇ ਬਿਜਲੀ ਬੋਰਡ ਦਫਤਰ ਮਖੂ ਵਿਖੇ ਮਜਦੂਰ ਦਿਵਸ ਨੂੰ ਸ਼ਿਕਾਗੋ ਦੇ ਸ਼ਹੀਦਾਂ ਨੂੰ ਲਾਲ ਸਲਾਮੀ ਦੇ ਕੇ ਮਨਾਇਆ ਗਿਆ






ਮਖੂ, 1 ਮਈ (ਸ਼ਬੇਗ ਸਿੰਘ) ਟੈਕਨੀਕਲ ਸਰਵਿਸ ਬੋਰਡ ਤੇ ਸਾਂਝੇ ਬਿਜਲੀ ਬੋਰਡ ਦੇ ਜੁੰਆਇੰਟ ਫੋਰਮ ਵੱਲੋਂ ਦਿੱਤੀ ਕਾਲ ਤੇ ਬਿਜਲੀ ਦਫਤਰ ਮਖੂ ਵਿਖੇ ਪਰਤਾਪ ਸਿੰਘ ਪ੍ਰਧਾਂਨ ਦੀ ਅਗਵਾਈ ਵਿਚ ਮਜਦੂਰ ਦਿਵਸ ਮਨਾਇਆ ਗਿਆ। ਇਸ ਪਰੋਗਰਾਮ ਵਿਚ ਵਿਸ਼ੇਸ਼ ਤੌਰ ਤੇ ਸੁਖਦੇਵ ਸਿੰਘ ਲਹੂਕਾ ਪ੍ਰਧਾਂਨ ਟੈਕਨੀਕਲ ਸਰਵਿਸ ਡਿਵਿਜਨ ਜੀਰਾ ਵੀ ਪਹੁੰਚੇ। ਸਭ ਤੋਂ ਪਹਿਲਾਂ ਸ਼ਿਕਾਗੋ ਵਿਖੇ ਹੋਏ ਸ਼ਹੀਦਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਜਲੀ ਭੇਂਟ ਕੀਤੀ ਗਈ। ਇਸ ਮੌਕੇ ਸੁਖਦੇਵ ਸਿੰਘ ਪ੍ਰਧਾਂਨ ਨੇ ਮਈ ਦਿਵਸ ਦੇ ਇਤਿਹਾਸ ਬਾਰੇ ਜਾਨਕਾਰੀ ਦਿੰਦਿਆ ਕਿਹਾ ਕਿ ਜੋ ਆਪਾਂ ਹੁਣ ਇਕ ਮਈ ਨੂੰ ਮਜਦੂਰ ਦਿਵਸ ਮਨਾਂਉਂਦੇ ਹਾਂ ਇਸ ਦੀ ਸ਼ੁਰੂਆਤ 1886 ਵਿਚ ਇਕ ਮਈ ਨੂੰ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਚ ਹੋਈ। ਜਿਸ ਵਿਚ ਲੱਖਾਂ ਮਜਦੂਰਾਂ ਨੇ 8 ਘੰਟੇ ਇਕ ਦਿਨ ਦੇ ਕੰਮ ਕਰਨ ਲਈ ਆਪਣੇ ਹੱਕਾਂ ਦੀ ਲੜਾਈ ਲਈ ਹੜਤਾਲਾਂ ਸ਼ੁਰੂ ਕੀਤੀਆ ਜੋ ਇਕ ਮਈ ਤੋਂ 4 ਮਈ 1886 ਤੱਕ ਚੱਲੀਆ ਤੇ 4 ਮਈ ਨੂੰ 1886 ਨੂੰ ਹੇਮਾਰਕਟ ਸਕੁਏਰ ਵਿਚ ਇਕ ਪ੍ਰਦਰਸ਼ਨ ਦੌਰਾਂਨ ਬੰਬ ਧਮਾਮਕਾ ਹੋਇਆ , ਜਿਸ ਵਿਚ ਕਈ ਪੁਲੀਸ ਅਧਿਕਾਰੀ , ਮਜਦੂਰਾਂ ਅਤੇ ਨਾਗਿਰਕਾਂ ਦੀ ਮੌਤ ਹੋਈ ਸੀ। ਇਸ ਘਟਨਾ ਤੋਂ ਬਾਅਦ ਕਈ ਮਜਦੂਰ ਆਗੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 4 ਨੂੰ ਫਾਂਸੀ ਦਿੱਤੀ ਗਈ।ਇਹ ਆਗੂ "ਹੇਮਾਰਕਟ ਸ਼ਹੀਦ"ਵਜੋਂ ਜਾਣੇ ਜਾਣ ਲੱਗ ਪਏ ਸਨ। ਜਿਹਨਾਂ ਨੂੰ ਸ਼ਿਕਾਗੋ ਦੇ ਸ਼ਹੀ ਕਰਕੇ ਵੀ ਜਾਣਿਆਜਾਦਾ ਹੈ।ਉਹਨਾਂ ਮਜਦੂਰ ਆਗੂਆ ਦੀਆ ਕੁਰਬਾਨੀਆਂ ਸਦਕਾ ਮਜਦੂਰ ਅਧਿਕਾਰਾਂ ਦੀ ਲੜਾਈ ਨੂੰ ਅੰਤਰਰਾਸ਼ਟਰੀ ਪੱਧਰ ਤੇ ਮਜਬੂਤ ਕੀਤਾ। ਭਾਂਰਤ ਵਿਚ ਮਈ ਦਿਵਸ ਪਹਿਲੀ ਵਾਰ ਇਕ ਮਈਂ 1923 ਨੂੰ ਮਦਰਾਸ ਅੱਜ ਕਲ੍ਹ ਚੈਨਈ ਵਿਚ ਮਨਾਇਆ ਗਿਆ। ਇਹ ਦਿਹਾੜਾ ਲੇਬਰ ਕਿਸਾਨ ਪਾਰਟੀ ਆਫ ਹਿੰਦੋਸੰਤਾਨ ਦੇ ਆਗੂ ਕਾਮਰੇਡ ਸਿੰਗਾਰਾਵੇਲਰ ਦੀ ਅਗਵਾਈ ਵਿਚ ਇਕ ਇਕੱਠ ਹੋਇਆ, ਜਿਸ ਨੇ ਮਜਦੂਰਾਂ ਦੇ ਹੱਕਾਂ ਦੀ ਅਵਾਜ ਉਠਾਈ ਅਤੇ ਮਈ ਦਿਵਸ ਨੂੰ ਰਾਸ਼ਟਰੀ ਛੁੱਟੀ ਮਨਾਉਣ ਦੀ ਮੰਗ ਕੀਤੀ ਅਤੇ ਕਾਂਮਯਾਬ ਵੀ ਹੋਏ।ਮਜਦੂਰ ਦਿਵਸ ਦੇ ਸ਼ਹੀਦਾ ਨੇ ਆਪਣੀ ਸ਼ਹਾਦਤ ਦੇ ਕੇ ਮਜਦੂਰਾਂ (ਬਾਕੀ ਸਫਾ 2 ਤੇ)


ਦਰਸ਼ਨ ਬੇਕਰੀ
ਮੇਨ ਰੋਡ ਫਤਿਆਬਾਦ, (ਤਰਨ ਤਾਰਨ)
ਇਥੋਂ ਕੇਕ,ਪੇਸਟੀਆਂ,ਹਰ ਤਰਾਂ ਦੇ ਬਿਸਕੁੱਟ,ਸੂਜੀ ਰਸ ,ਪੈਟੀਆਂ,ਕਰੀਮ ਰੋਲ ਹਰ ਸਮੇਂ ਤਿਆਰ ਲਵੋ ।
ਕੁਲਜੀਤ ਸਿੰਘ ਲਾਡੀ
ਸੰਪਰਕ : 98721-51544, 98559-21544


(M) 97819-55016
ਬਲਬੀਰ ਸਿੰਘ
ਟਾਈਫਾਇਡ, ਸਰਵਾਈਕਲ, ਲੀਵਰ ਫੈਟੀ, ਲੱਤਾਂ ਬਾਹਵਾਂ ਦੀਆਂ ਦਰਦਾਂ ਆਦਿ ਹਰ ਬਿਮਾਰੀ ਦਾ ਇਲਾਜ ਗਰੰਟੀ ਨਾਲ ਕੀਤਾ ਜਾਂਦਾ ਹੈ ।
ਗੋਇੰਦਵਾਲ ਰੋਡ, ਨੇੜੇ ਬੱਚੜੇ ਵਾਲੀ ਖੂਹੀ, ਤਰਨ ਤਾਰਨ


# ਤਪਾ ਵਿਖੇ ਆਮ ਆਦਮੀ ਪਾਰਟੀ ਵਰਕਰਾਂ ਵੱਲੋਂ ਕੇਂਦਰ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ

ਫਤਿਹ ਟਾਈਮਜ਼



ਤਪਾ ਮੰਡੀ,1 ਮਈ (ਧੀਮਾਨ) ਪਾਣੀਆਂ ਦੇ ਮਸਲੇ 'ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ) ਵਲੋਂ ਪੰਜਾਬ ਨਾਲ ਕੀਤੀ ਜਾ ਰਹੀ ਵਧੀਕੀ ਦੇ ਵਿਰੋਧ 'ਚ ਅੱਜ ਪੁਰਾਣੀ ਮਾਰਕੀਟ ਕਮੇਟੀ ਵਿਖੇ ਪਾਰਟੀ ਦਫਤਰ ਦੇ ਬਾਹਰ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਭਾਜਪਾ ਦੀ ਕੇਂਦਰ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਸਮੇਂ ਪਾਰਟੀ ਦੇ ਵੱਖ-ਵੱਖ ਨੁਮਾਇੰਦਿਆ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰ ਰਹੀ ਹੈ, ਜਿਸ ਨੂੰ ਕਿਸੇ ਕੀਮਤ 'ਤੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਝੋਨੇ ਦੀ ਬਿਜਾਈ ਦਾ ਸੀਜਨ ਸ਼ੁਰੂ ਹੋਣ ਵਾਲਾ ਹੈ, ਇਸ ਲਈ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇਕ ਬੂੰਦ ਵੀ ਪਾਣੀ ਨਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਨਾਲ ਸਰਾਸਰ ਧੱਕਾ ਕਰ ਰਹੀ ਹੈ ਜਦੋਂ ਕਿ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਸਮੇਂ ਤੋਂ ਪਹਿਲਾਂ ਹੀ ਵਰਤ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਦੀ ਭਾਜਪਾ ਸਰਕਾਰ ਆਈ ਹੈ ਪੰਜਾਬ ਅਤੇ ਪੰਜਾਬ ਦੇ ਕਿਸਾਨਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਤੰਗ ਕੀਤਾ ਜਾ ਰਿਹਾ ਹੈ, ਕਦੀ ਕਾਲੇ ਕਾਨੂੰਨਾਂ ਦੇ ਨਾਲ ਕਿਸਾਨ ਤੰਗ ਕੀਤੇ ਜਾ ਰਹੇ ਹਨ ਤੇ ਹੁਣ ਪੰਜਾਬ ਦਾ ਪਾਣੀ ਖੋਹ ਕੇ ਹਰਿਆਣੇ ਨੂੰ ਦਿੱਤਾ ਜਾ ਰਿਹਾ ਹੈ, ਜੋ ਕਿ ਪੰਜਾਬ ਦੇ ਕਿਸਾਨਾਂ ਨਾਲ ਸਰਾਸਰ ਧੱਕਾ ਹੈ, ਉਹਨਾਂ ਕਿਹਾ ਕਿ ਇਹੋ ਜਿਹੀਆਂ ਹਰਕਤਾਂ ਕਰਕੇ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਦਾ ਮਨੋਬਲ ਨਹੀਂ ਡਿਗਾ ਸਕਦੀ, ਕਿਉਂਕਿ ਪੰਜਾਬ ਦੇ ਲੋਕ ਆਪਣਾ ਹੱਕ ਲੈਣਾ ਜਾਣਦੇ ਹਨ। ਇਸ ਮੌਕੇ ਸੁਰਿੰਦਰ ਸਿੰਘ ਪੀ.ਏ ਟੂ ਹਲਕਾ ਵਿਧਾਇਕ ਉਗੋਕੇ, ਟਰੱਕ ਯੂਨੀਅਨ ਤਪਾ ਦੇ ਪ੍ਰਧਾਨ ਜਸਵਿੰਦਰ ਸਿੰਘ ਚੱਠਾ ਤੇ ਗੁਰਤੇਜ ਸਿੰਘ ਧਾਲੀਵਾਲ, ਡਾ.ਬਾਲ ਚੰਦ ਬਾਂਸਲ, ਬਲਜੀਤ ਬਾਸੀ,ਸਰਪੰਚ ਕਰਨਦੀਪ ਸਿੰਘ ਤਾਜੋ, ਸਰਪੰਚ ਕਾਂਤਾ ਰਾਮ ਭਗਤਪੁਰਾ,ਹਾਕਮ ਚੌਹਾਨ, ਮਲਕੀਤ ਸਿੰਘ, ਨਾਜਰ ਸਿੰਘ, ਦਲਜੀਤ ਸਿੰਘ, ਜਗਸੀਰ ਮਹਿਤਾ, ਧਰਮਪਾਲ ਸਿੰਘ ਆਦਿ ਵੱਡੀ ਗਿਣਤੀ 'ਚ ਪਾਰਟੀ ਵਰਕਰ ਮੌਜੂਦ ਸਨ।

ਸਫਾ 1 ਦੀ ਬਾਕੀ

## ਬੀਬੀਐਮਬੀ ਵੱਲੋਂ ਹਰਿਆਣੇ ਨੂੰ ਵੱਧ ਪਾਣੀ ਭੇਜਣ.....

ਫਤਿਹ ਟਾਈਮਜ਼ ਕਦਮ ਚੁੱਕਿਆ। ਜੇਕਰ ਭਭੰਬ ਦੇ ਪੰਜਾਬ ਦੇ ਮੰਡਲ ਅਧਿਕਾਰੀ ਮੀਟਿੰਗ ਵਿੱਚ ਸਿਰਫ਼ ਰਾਖਵਾਂ ਪੱਤਰ ਹੀ ਦੇਕੇ ਵਾਪਸ ਆ ਜਾਣ, ਕੋਈ ਤਿੱਖਾ ਵਿਰੋਧ ਨਾਂ ਕਰਨ ਤਾਂ ਇਹ ਵਿਰੋਧ ਨਹੀਂ ਹੁੰਦਾ ਸਗੋਂ ਮਨਜ਼ੂਰੀ ਹੀ ਹੁੰਦੀ ਹੈ ਜੋਕਿ ਗੌਰਤਲਬ ਹੈ। ਬਾਪੂ ਤਰਸੇਮ ਸਿੰਘ ਜੀ ਕਿਹਾ ਕਿ ਇਹ ਕੇਵਲ ਪਾਣੀ ਨਹੀਂ, ਸਾਡਾ ਅਧਿਕਾਰ, ਸਾਡਾ ਵਜੂਦ ਤੇ ਸਾਡੀ ਆਉਣ ਵਾਲੀ ਪੀੜ੍ਹੀ ਦੀ ਜ਼ਿੰਦਗੀ ਦਾ ਸਵਾਲ ਹੈ। ਅਸੀਂ ਪੰਜਾਬ ਦੇ ਹਰ ਨਾਗਰਿਕ ਨੂੰ ਅਪੀਲ ਕਰਦੇ ਹਾਂ ਇਸ ਨਵੇਂ "ਪਾਣੀ ਘੁਟਾਲੇ" ਖਿਲਾਫ਼ ਇਕ ਜੁੱਟ ਹੋ ਕੇ ਖੜੋਵੋ ਤਾਂ ਜੋ ਪੰਜਾਬ ਦੇ ਵਿਰੁੱਧ ਲਏ ਜਾ ਰਹੇ ਇਸ ਤਰਾਂ ਦੇ ਘਾਤਕ ਫੈਸਲਿਆਂ ਤੇ ਰੋਕ ਲੱਗ ਸਕੇ।

ਸਫਾ 1 ਦੀ ਬਾਕੀ

## ਪੰਜਾਬ ਦੇ ਪਾਣੀਆਂ 'ਤੇ ਹੱਕ ਸਿਰਫ਼ ਪੰਜਾਬ ਦਾ........

ਫਤਿਹ ਟਾਈਮਜ਼ ਰਵੱਈਆ ਢਿੱਲਾ ਰਿਹਾ ਹੈ।ਸ੍ਰ. ਬ੍ਰਹਮਪੁਰਾ ਨੇ ਕਿਹਾ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਹਰਿਆਣਾ ਨੂੰ 8,500 ਕਿਊਸਿਕ ਪਾਣੀ ਛੱਡਣ ਦਾ ਫ਼ੈਸਲਾ ਪੰਜਾਬ ਨਾਲ ਇੱਕ ਹੋਰ ਧੱਕਾ ਹੈ, ਖ਼ਾਸਕਰ ਜਦੋਂ ਪੰਜਾਬ ਦੇ ਅਧਿਕਾਰੀਆਂ ਨੇ ਦੱਸਿਆ ਹੈ ਕਿ ਹਰਿਆਣਾ ਪਹਿਲਾਂ ਹੀ ਆਪਣੇ ਹਿੱਸੇ ਤੋਂ ਵੱਧ ਪਾਣੀ ਵਰਤ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਅਫ਼ਸੋਸ ਦੀ ਗੱਲ ਹੈ ਕਿ ਕੇਂਦਰ ਵਿੱਚ ਬੈਠੀ ਭਾਜਪਾ ਸਰਕਾਰ ਅਤੇ ਹਰਿਆਣਾ ਸਰਕਾਰ ਪੰਜਾਬ ਵਿਰੁੱਧ ਇਕਜੁੱਟ ਹੋ ਗਈਆਂ ਹਨ, ਜਿਸਨੂੰ ਪੰਜਾਬ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ।ਸ੍ਰ. ਬ੍ਰਹਮਪੁਰਾ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਸੰਵੇਦਨਸ਼ੀਲ ਮੁੱਦੇ 'ਤੇ ਸਿਆਸਤ ਕਰਨ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਇਹ ਮਸਲਾ ਪੰਜਾਬ ਦੇ ਭਵਿੱਖ, ਕਿਸਾਨਾਂ ਅਤੇ ਆਮ ਲੋਕਾਂ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਇਸ ਲਈ ਸਾਰਿਆਂ ਨੂੰ ਇੱਕਜੁੱਟ ਹੋ ਕੇ ਸੂਬੇ ਦੇ ਹੱਕਾਂ ਦੀ ਰਾਖ਼ੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਪੰਜਾਬ ਦੇ ਹੱਕਾਂ ਦੀ ਰਾਖ਼ੀ ਲਈ ਹਮੇਸ਼ਾ ਤੱਤਪਰ ਰਹੇਗਾ ਅਤੇ ਇਸ ਮੁੱਦੇ 'ਤੇ ਹਰ ਸੰਭਵ ਸੰਘਰਸ਼ ਕਰੇਗਾ। ਪੰਜਾਬ ਪਹਿਲਾਂ ਹੀ ਬਹੁਤ ਦੁੱਖ ਝੱਲ ਚੁੱਕਾ ਹੈ ਅਤੇ ਹੁਣ ਹੋਰ ਬਰਬਾਦੀ ਨਹੀਂ ਝੱਲ ਸਕਦਾ। ਸਾਨੂੰ ਆਪਣੇ ਆਉਣ ਵਾਲੇ ਭਵਿੱਖ ਨੂੰ ਬਚਾਉਣ ਲਈ ਇੱਕਜੁੱਟ ਹੋਣਾ ਪਵੇਗਾ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੇ ਪਾਣੀਆਂ 'ਤੇ ਸਿਰਫ਼ ਪੰਜਾਬ ਦਾ ਹੱਕ ਹੈ ਅਤੇ ਇਸ ਹੱਕ ਨੂੰ ਕਿਸੇ ਵੀ ਕੀਮਤ 'ਤੇ ਖੋਹਣ ਨਹੀਂ ਦਿੱਤਾ ਜਾਵੇਗਾ।

ਸਫਾ 1 ਦੀ ਬਾਕੀ

## ਟੈਕਨੀਕਲ ਸਰਵਿਸ ਯੂਨੀਅਨ ਮਖੂ ਦੇ ਸੱਦੇ...

ਫਤਿਹ ਟਾਈਮਜ਼ ਦੇ ਕੇ ਮਜਦੂਰਾਂ,ਕਰਮਚਾਰੀਆਂ ਨੂੰ ਕੰਮ ਕਰਨ ਦੇ ਸੀਮਤ 8 ਘੰਟੇ ਵਿਚ ਤਬਦੀਲ ਕਰਵਾਇਆ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੋਦੀ ਸਰਕਾਰ ਨੇ ਧਾਰਾ 44 ਲੇਬਰ ਕਾਨੂੰਨ ਨੂੰ ਤੋੜ ਕੇ ਧਾਰਾ 4 ਲੇਬਰ ਕਾਨੂੰਨ ਲਾਗੂ ਕਰਕੇ 8 ਘੰਟੇ ਦੀ ਬਜਾਏ 12 ਘੰਟੇ ਕੰਮ ਕਰਨ ਵਿਚ ਬਦਲ ਦਿੱਤਾ ਹੈ। ਜਿਸ ਲਈ ਕਿਸਾਨ ਮਜਦੂਰ, ਅਤੇ ਕਰਮਚਾਰੀ ਜਥੇਬੰਦੀਆਂ ਜਬਰਦਸਤ ਵਿਰੋਧ ਕਰ ਰਹੀਆਂ ਹਨ।ਪਰੋਗਰਾਮ ਦੀ ਸਮਾਪਤੀ ਤੋਂ ਬਾਅਦ ਬਿਜਲੀ ਬੋਰਡ ਮਖੂ ਦੇ ਦਫਤਰ ਦੇ ਮੁਖ ਗੇਟ ਤੇ ਮਜਦੂਰ ਦਿਵਸ ਦੇ ਸ਼ਹੀਦਾਂ ਨੂੰ ਲਾਲ ਸਲਾਮ ਅਤੇ ਮਜਦੂਰ ਦਿਹਾੜਾ ਜਿੰਦਾਂਬਾਦ ਨਾਹਰੇਬਾਜੀ ਕਰਕੇ ਜਥੇਬੰਦੀ ਦੇ ਝੰਡੇ ਨੂੰ ਚੜ੍ਹਾਂਉਣ ਦੀ ਰਸਮ ਅਦਾ ਕੀਤੀ। ਇਸ ਸਮਾਗਮ ਨੂੰ ਵਿਸ਼ਸ਼ ਤੌਰ ਤੇ ਪੈਨਸ਼ਨਰ ਆਸੋਸ਼ੀਏਸ਼ਨ ਯੂਨੀਅਨ ਦੇ ਸਾਥੀ ਸੁਖਵਿਦਰ ਸਿੰਘ ਘੁੱਦੂਵਾਲਾ ਅਤੇ ਕਮਲ ਆਦਿ ਨੇ ਸੰਬੋਧਨ ਕੀਤਾ। ਇਸ ਮੌਕੇ ਪ੍ਰਧਾਂਨ ਪ੍ਰਤਾਪ ਸਿੰਘ ,ਸੁਖਦੇਵ ਸਿੰਘ ਗਿੱਲ, ਡਿਵੀਜਨ ਪ੍ਰਧਾਂਨ ਸੁਖਦੇਵ ਸਿੰਘ ਲਹੂਕਾ,ਸੁਖਦੇਵ ਸਿੰਘ ਸਹਾਇਕ ਸਕਤਰ, ਗੁਰਚਾਨਣ ਸਿੰਘ,ਕੈਸ਼ੀਅਰ ਗੁਰਪ੍ਰੀਤ ਸਿੰਘ ਹੱਲਣ,ਉਪ ਪ੍ਰਧਾਂਨ ਬਲਵੀਰ ਸਿੰਘ ਲਹੂਕਾ ,ਸਕੱਤਰ ਜੀਵਨਜੀਤ ਸਿੰਘ,ਖਜਾਨਚੀ ਸੁਖਦੇਵ ਸਿੰਘ ,ਗੁਰਪ੍ਰੀਤ ਸਿੰਘ , ਸੀ ਐਚ ਬੀ ਪ੍ਰਧਾਂਨ ਕਰਨੈਲ ਸਿੰਘ ਮਾਲੜਾ,ਸਰਵਨ ਸਿੰਘ ਲਾਈਨਮੈਨ, ਬਲਕਾਰ ਸਿੰਘ ਸਬ ਲਾਈਨ ਮੈਨ,ਗੁਰਮੀਤ ਸਿੰਘ ਸਬ ਲਾਈਨਮੈਨ,ਗੁਰਬਾਜ ਸਿੰਘ ਸਹਾਇਕ ਲਾਈਨ ਮੈਨ, ਸਤਨਾਮ ਸਿੰਘ ਐਸ ਐਸ ਏ, ਗੁਰਪ੍ਰੀਤ ਸਿੰਘ ਐਸ ਐਸ ਏ ਆਦਿ ਹਾਜਰ ਸਨ।

# ਡੇਂਗੂ ਵਿਰੋਧੀ ਸੈਮੀਨਾਰ ਬਾਬਾ ਫਰੀਦ ਯੂਨੀਵਰਸਿਟੀ ਹੈਲਥ ਸਾਇੰਸਜ਼ ਨਰਸਿੰਗ ਕਾਲਜ ਗੋਇੰਦਵਾਲ ਸਾਹਿਬ ਵਿਖੇ ਕਰਵਾਇਆ ਗਿਆ

ਫਤਿਹ ਟਾਈਮਜ਼



ਸ਼੍ਰੀ ਗੋਇੰਦਵਾਲ ਸਾਹਿਬ, 1 ਮਈ (ਐਸ ਐਸ ਸੰਧਾ) ਸਿਵਲ ਸਰਜਨ ਡਾਕਟਰ,ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜਿਲਾ ਐਪੀਡਿਮੋਲੋਜਿਸਟ ਡਾਕਟਰ ਅਵਲੀਨ ਕੌਰ,ਡਾਕਟਰ ਸੁਖਜਿੰਦਰ ਸਿੰਘ ਅਤੇ ਏ ਐਮ ਉ ਕੰਵਲ ਬਲਰਾਜ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸ਼ਲਿੰਦਰ ਸਿੰਘ ਸਿੰਘ ਮੀਆਂਵਿੰਡ ਦੀ ਰਹਿਨੁਮਾਈ ਹੇਠ ਸਿਹਤ ਵਿਭਾਗ ਵੱਲੋਂ ਡੇਂਗੂ ਵਿਰੋਧੀ ਸੈਮੀਨਾਰ ਬਾਬਾ ਫਰੀਦ ਯੂਨੀਵਰਸਿਟੀ ਹੈਲਥ ਸਾਇੰਸਜ਼ ਨਰਸਿੰਗ ਕਾਲਜ ਗੋਇੰਦਵਾਲ ਸਾਹਿਬ ਵਿਖੇ ਕਰਵਾਇਆ ਗਿਆ।ਜਿਸ ਵਿਚ ਨਰਸਿੰਗ ਸਟੂਡੈਂਟਸ ਨੂੰ ਅਤੇ ਸਟਾਫ ਨੂੰ ਡੇਂਗੂ ਬੁਖਾਰ ਸਬੰਧੀ ਜਾਣਕਾਰੀ ਦਿੱਤੀ ਗਈ ਜਿਸ ਵਿਚ ਡੇਂਗੂ, ਚਿਕਨਗੁਨੀਆ, ਮਲੇਰੀਆ ਅਤੇ ਮੌਸਮੀ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਬਚਾਓ ਸਬੰਧੀ ਜਾਗਰੂਕ ਕੀਤਾ ਗਿਆ। ਕੂਲਰਾਂ,ਫਰਿਜਾਂ, ਗਮਲਿਆਂ, ਕੰਟੇਨਰਾਂ ਆਦਿ ਵਿੱਚੋ ਲਾਰਵਾ ਚੈਕ ਕੀਤਾ ਗਿਆ।ਇਸ ਮੌਕੇ ਤੇ ਪ੍ਰੈਸ ਨੂੰ ਜਾਣਕਾਰੀ ਦੇਂਦਿਆਂ ਹੋਇਆ ਅਮਨਦੀਪ ਸਿੰਘ ਹੈਲਥ ਇੰਸਪੈਕਟਰ ਨੇ ਦੱਸਿਆ ਕਿ ਡੈਗੂ ਬੁਖਾਰ ਇੱਕ ਵਾਇਰਲ ਬੁਖਾਰ ਹੈ ਜੋਂ ਏਡੀਜ਼ ਇੰਜਪਟਾਈ ਨਾਮ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ, ਜ਼ਿਆਦਾ ਤਰ ਇਹ ਮੱਛਰ ਦਿਨ ਵੇਲੇ ਕੱਟਦਾ ਹੈ। ਇਹ ਮੱਛਰ ਖੜ੍ਹੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ । ਉਹਨਾਂ ਦੱਸਿਆ ਇਸ ਦੇ ਲੱਛਣ ਤੇਜ਼ ਬੁਖਾਰ, ਸਿਰ ਦਰਦ , ਅੱਖਾਂ ਦੇ ਪਿਛਲੇ ਪਾਸੇ ਦਰਦ, ਜੋੜਾਂ ਅਤੇ ਮਾਸਪੇਸ਼ੀਆਂ ਵਿੱਚ ਦਰਦ , ਸਰੀਰ ਉਪਰ ਲਾਲ ਦਾਣੇ ਨਿਕਲਣਾ , ਉਲਟੀ ਆਉਣੀ, ਮੂੰਹ , ਨੱਕ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ ਆਦਿ , ਖ਼ੂਨ ਵਿੱਚੋ ਪਲੈਟਲੈਟ ਸੈਲ ਦਾ ਘਟਨਾ, ਸਰੀਰਕ ਥਕਾਵਟ ਅਤੇ ਕਮਜ਼ੋਰੀ ਆਦਿ ਦੇ ਲੱਛਣ ਹੋ ਸਕਦੇ ਹਨ ਹਨ, ਉਹਨਾਂ ਦੱਸਿਆ ਕਿ ਡੈਗੂ ਦੀ ਜਾਂਚ ਅਤੇ ਇਲਾਜ ਸਾਰੇ ਪੰਜਾਬ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।ਜੇਕਰ ਉਪਰੋਕਤ ਲੱਛਣਾਂ ਕਿਸੇ ਵੀ ਵਿਅਕਤੀ ਨੂੰ ਇਹ ਲੱਛਣ ਨਜ਼ਰ ਆਉਣ ਤਾਂ ਨੇੜਲੇ ਸਿਹਤ ਕੇਂਦਰ ਤੋਂ ਲੋੜੀਂਦੇ ਟੈਸਟ ਕਰਵਾਉਣ ਉਪਰੰਤ ਆਪਣਾ ਇਲਾਜ ਟਾਈਮ ਸਿਰ ਕਰਵਾਉਣਾ ਚਾਹੀਦਾ ਹੈ।ਇਸ ਮੌਕੇ ਤੇ ਬੋਲਦਿਆਂ ਹੋਇਆਂ ਗੁਰਵਿੰਦਰ ਸਿੰਘ ਮਾਲੋਵਾਲ ਨੇ ਦੱਸਿਆ ਉਹਨਾਂ ਕਿਹਾ ਸਾਨੂੰ ਡੈਗੂ ਬੁਖਾਰ ਤੋਂ ਬਚਾਅ ਲਈ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ ਅਤੇ ਸਾਫ਼ ਸਫ਼ਾਈ ਦਾ ਖਿਆਲ ਰੱਖਿਆ ਜਾਵੇ।ਉਹਨਾਂ ਦੱਸਿਆ ਕਿ ਸ਼ੁਕਰਵਾਰ ਨੂੰ ਆਪਣੇ ਘਰਾਂ ਦੇ ਕੂਲਰਾਂ, ਡਰੱਮਾ, ਫਰਿਜ ਦੀ ਟਰੇਆਂ,ਟਾਇਰਾ,ਗਮਲਿਆਂ,ਪਸ਼ੂ ਪੰਛੀ ਲਈ ਪੀਣ ਦੇ ਪਾਣੀ ਦੇ ਬਰਤਨਾ ਨੂੰ ਜ਼ਰੂਰ ਸਾਫ਼ ਕਰੋ, ਕਿਉਂਕਿ ਡੈਗੂ ਦਾ ਮੱਛਰ ਖੜ੍ਹੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ।ਇਸ ਮੌਕੇ ਤੇ ਤੇਜਿੰਦਰ ਸਿੰਘ ਬਲਾਕ ਐਜੂਕੇਟਰਰ, ਨੇ ਕਾਲਜ ਦੇ ਪ੍ਰਿੰਸੀਪਲ ਮੈਡਮ ਚਰਨਜੀਤ ਕੌਰ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਰਵੀਸ਼ੇਰ ਸਿੰਘ ਰੰਧਾਵਾ ਮੇਲ਼ ਵਰਕਰ, ਅਤੇ ਮੈਡਮ ਪ੍ਰਭਜੀਤ ਕੌਰ,ਸਿਮਰਨਜੀਤ ਕੌਰ ਗਗਨਦੀਪ ਕੌਰ , ਏਕਮਜੀਤ ਕੌਰ ਕਾਲਜ ਦੇ ਸਟਾਫ ਮੈਂਬਰ ਹਾਜ਼ਰ ਸਨ।


ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL
ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜ਼ਰੂਰ ਸਬਸਕਰਾਈਬ ਕਰੋ।
ਫਤਿਹ ਟਾਈਮਜ਼ ਚੈਨਲ ਤੇ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575


Editor,Owner and Publisher Sarbjot Singh Khalsa on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407
ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

# ਯੂ.ਪੀ.ਐਸ.ਸੀ. ਦੀ ਮੈਰਿਟ ਲਿਸਟ ਵਿੱਚ ਆਏ ਗੁਰਸਿੱਖ ਬੱਚਿਆਂ ਦਾ ਸਨਮਾਨ ਸਮਾਰੋਹ ਅਤੇ ਗੁਰਮਤਿ ਸਮਾਗਮ 4 ਮਈ ਨੂੰ: ਡੀ ਪੀ ਸਿੰਘ



ਅੰਮ੍ਰਿਤਸਰ 1 ਮਈ (ਪ ਪ) ਯੂ.ਪੀ.ਐਸ.ਸੀ. ਦੀ ਮੈਰਿਟ ਲਿਸਟ ਵਿੱਚ ਆਏ ਗੁਰਸਿੱਖ ਬੱਚਿਆਂ ਦਾ ਸਨਮਾਨ ਸਮਾਰੋਹ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਕਲਗ਼ੀਧਰ ਸਿੰਘ ਸਭਾ, ਫੇਜ਼-4 ਮੋਹਾਲੀ ਵਿਖੇ ਮਿਤੀ 04 ਮਈ 2025, ਐਤਵਾਰ ਸ਼ਾਮ 6:00 ਵਜੇ ਤੋਂ 9:30 ਤੱਕ ਦ ਹੋਪ ਚੰਡੀਗੜ੍ਹ ਪ੍ਰਬੰਧਕ ਕਮੇਟੀ ਦੇ ਸਹਿਯੋਗ ਸਦਕਾ ਕਰਵਾਇਆ ਜਾਵੇਗਾ ਇਸ ਮੌਕੇ ਜਾਣਕਾਰੀ ਦਿੰਦਿਆ ਸ੍ਰ ਡੀ ਪੀ ਸਿੰਘ ਸਾਬਕਾ ਸੀ ਈ ਓ ਸ੍ਰੀ ਹਜ਼ੂਰ ਸਾਹਿਬ,ਸਾਬਕਾ ਡੀ ਜੀ ਐਮ ਪੰਜਾਬ ਐਂਡ ਸਿੰਧ ਬੈਂਕ,ਸਾਬਕਾ ਸੀ ਈ ਓ ਹਰਿਆਣਾ ਸਿੱਖ ਗੁਰਦਆਰਾ ਮੈਨੇਜਮੈਂਟ ਕਮੇਟੀ, ਸੀਨੀਅਰ ਮੀਤ ਪ੍ਰਧਾਨ ਦ ਸਿੱਖ ਹੋਪ ਅਤੇ ਸਲਾਹਕਾਰ, ਫਾਉਂਡਰ ਮੈਂਬਰ ਜੀ ਪੀ ਐਸ ਐਸ,ਬ੍ਰਾਂਚ ਇੰਚਾਰਜ ਤੇਰਾ ਹੀ ਤੇਰਾ ਮਿਸ਼ਨ ਨੇ ਦੱਸੀਆ ਕਿ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਭਾਈ ਸ਼ੌਕੀਨ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਦ ਸਿੱਖ ਹੋਪ ਚੈਰੀਟੇਬਲ ਟਰੱਸਟ ਜੱਥਾ,ਭਾਈ ਹਰਪਾਲ ਸਿੰਘ ਜੀ ਹੈੱਡ ਗ੍ਰੰਥੀ ਗੁਰਦਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਕਥਾ ਦੁਆਰਾ ਸੰਗਤਾਂ ਨੂੰ ਗੁਰਬਾਣੀ ਰਸ ਨਾਲ ਜੋੜਨਗੇ ਇਸ ਸਮਾਗਮ ਵਿੱਚ ਸਿੱਖ ਹੋਪ ਚੈਰੀਟੇਬਲ ਟਰੱਸਟ ਵੱਲੋਂ ਵਿੱਤੀ ਸਹਾਇਤਾ ਸਕੀਮ ਤਹਿਤ ਲੋੜਵੰਦ ਗੁਰਸਿੱਖਾਂ ਨੂੰ ਆਪਣਾ ਨਵਾਂ ਕੰਮ ਆਰੰਭ ਕਰਨ ਲਈ ਮਾਇਕ ਸਹਾਇਤਾ ਦਿੱਤੀ ਜਾਵੇਗੀ।ਯੂ.ਪੀ.ਐਸ.ਸੀ.ਦੀ ਮੈਰਿਟ ਲਿਸਟ ਵਿੱਚ ਆਏ ਬੱਚਿਆਂ ਦਾ ਸਨਮਾਨ ਕੀਤਾ ਜਾਵੇਗਾ ਅਤੇ ਉਹ ਆਪਣੇ ਵਿਚਾਰ ਵੀ ਰੱਖਣਗੇ ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਸੰਸਦ ਮੈਂਬਰ ਮੀਤ ਹੇਅਰ ਨੇ ਐੱਸਸੀ ਕਮਿਸ਼ਨ ਮੈਂਬਰ ਰੁਪਿੰਦਰ ਸੀਤਲ ਨੂੰ ਦਿੱਤੀਆਂ ਸ਼ੁਭਕਾਮਨਾਵਾਂ



ਬਰਨਾਲਾ, 1 ਮਈ (ਧੀਮਾਨ) ਲੋਕ ਸਭਾ ਮੈਂਬਰ ਸ. ਗੁਰਮੀਤ ਸਿੰਘ ਮੀਤ ਹੇਅਰ ਨੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਰੁਪਿੰਦਰ ਸਿੰਘ ਸੀਤਲ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਪੁੱਜ ਕੇ ਮੁਬਾਰਕਬਾਦ ਅਤੇ ਆਪਣੀ ਜ਼ਿੰਮੇਵਾਰੀ ਬੇਹਤਰੀਨ ਤਰੀਕੇ ਨਾਲ ਨਿਭਾਉਣ ਲਈ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਸ. ਮੀਤ ਹੇਅਰ ਨੇ ਕਿਹਾ ਕਿ ਰੁਪਿੰਦਰ ਸਿੰਘ ਸੀਤਲ ਬਹੁਤ ਸੰਜੀਦਾ ਅਤੇ ਇਮਾਨਦਾਰ ਹਨ ਤੇ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਉਣਗੇ ਅਤੇ ਐੱਸਸੀ ਵਰਗ ਦੇ ਮਸਲਿਆਂ 'ਚ ਉਨ੍ਹਾਂ ਨੂੰ ਇਨਸਾਫ਼ ਦਿਵਾਉਣਗੇ।ਇਸ ਮੌਕੇ ਸ੍ਰੀ ਸੀਤਲ ਨੇ ਕਿਹਾ ਕਿ ਐੱਸ ਸੀ ਕਮਿਸ਼ਨ ਦਾ ਮੈਂਬਰ ਹੋਣ ਦੇ ਨਾਤੇ ਉਹ ਯਕੀਨੀ ਬਣਾਉਣਗੇ ਕਿ ਭਾਈਚਾਰੇ ਦੇ ਕਿਸੇ ਵੀ ਵਿਅਕਤੀ ਨਾਲ ਕੋਈ ਵਧੀਕੀ ਨਾ ਹੋਵੇ। ਉਨ੍ਹਾਂ ਕੋਲ ਜਿਹੜੇ ਕੇਸ ਆਉਣਗੇ ਜਾਂ ਜਿਹੜੇ ਕੇਸਾਂ ਦੀ ਜ਼ਿੰਮੇਵਾਰੀ ਸੌਂਪੀ ਜਾਵੇਗੀ, ਉਨ੍ਹਾਂ 'ਚ ਯਕੀਨੀ ਬਣਾਇਆ ਜਾਵੇਗਾ ਕਿ ਸਮਾਂਬੱਧ ਪੜਤਾਲ ਕਰਵਾ ਕੇ ਲੋਕਾਂ ਨਾਲ ਇਨਸਾਫ਼ ਕੀਤਾ ਜਾਵੇ ਤੇ ਲੋਕਾਂ ਨੂੰ ਇਨਸਾਫ਼ ਲਈ ਖੱਜਲ ਨਾ ਹੋਣਾ ਪਵੇ।ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਐੱਸ ਸੀ ਸ਼੍ਰੇਣੀ ਨਾਲ ਸਬੰਧਤ ਕਈ ਸਕੀਮਾਂ ਚਲਾਈਆਂ ਜਾ ਰਹੀਆਂ ਜਿਵੇਂ ਕਿ ਆਸ਼ੀਰਵਾਦ ਸਕੀਮ, ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਆਦਿ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਤੇ ਉਨ੍ਹਾਂ ਨੂੰ ਸਕੀਮਾਂ ਦਾ ਬਣਦਾ ਲਾਭ ਦਿਵਾਇਆ ਜਾਵੇਗਾ।

# ਬਿਜਲੀ ਬੋਰਡ ਮੁਲਾਜਮ ਬੀਬੀ ਬਲਜਿੰਦਰ ਕੌਰ ਨੂੰ ਚੰਗੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ



ਚੋਹਲਾ ਸਾਹਿਬ, 1 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਬਿਜਲੀ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਪੀ ਐਸ ਈ ਬੀ।ਇੰਪ ਫੈਡਰੇਸ਼ਨ ਏਟਕ ਦੀ ਸਰਕਲ ਪ੍ਰਧਾਨ ਅਤੇ ਸੂਬਾ ਆਗੂ ਬੀਬੀ ਬਲਜਿੰਦਰ ਕੌਰ ਅੱਜ਼ 24 ਸਾਲ ਦੀ ਸਰਵਿਸ ਕਰਕੇ ਬਤੌਰ ਯੂ ਡੀ ਸੀ ਦੇ ਅਹੁਦੇ ਤੋਂ ਚੰਗੀਆ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਵਿਦਾਇਗੀ ਸਮਾਰੋਹ ਮੌਕੇ ਇਕੱਤਰ ਹੋਏ ਰੈਗੂਲਰ ਅਤੇ ਪੈਨਸ਼ਨਰ ਸਾਥੀਆਂ ਨੂੰ ਸਬੋਧਨ ਕਰਦਿਆਂ ਸ੍ਰੀ ਮੋਹਤਮ ਸਿੰਘ ਡਿਪਟੀ ਚੀਫ਼ ਇੰਜੀਨੀਅਰ ਸਰਕਲ ਤਰਨ ਤਾਰਨ, ਹਰਕਿ੍ਸ਼ਨ ਸਿੰਘ ਐਕਸੀਅਨ ਟੈਕ, ਕੁਲਵਿੰਦਰ ਸਿੰਘ ਬਾਗੜੀਆਂ ਐਸ ਡੀ ਓ,ਸਰਕਲ ਸਕੱਤਰ ਪੂਰਨ ਦਾਸ, ਰਕੇਸ਼ ਕੁਮਾਰ ਮਲਹੋਤਰਾ, ਜਸਬੀਰ ਸਿੰਘ ਸ਼ੇਰੋਂ, ਸਰਕਲ ਆਗੂ ਲਖਵਿੰਦਰ ਸਿੰਘ ਬਹਿਲਾ ਅਤੇ ਨਰਿੰਦਰ ਸਿੰਘ ਬੇਦੀ ਸਰਕਲ ਸਕੱਤਰ ਤਰਨ ਤਾਰਨ ਨੇ ਬਲਜਿੰਦਰ ਕੌਰ ਵਲੋਂ ਜਥੇਬੰਦੰਕ ਸੰਘਰਸ਼ਾਂ ਵਿੱਚ ਪਾਏ ਲਾਮਿਸਾਲ ਯੋਗਦਾਨ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹਾ ਕਰਨਾ ਹਰੇਕ ਦੇ ਵੱਸ ਦੀ ਗੱਲ ਨਹੀਂ ਹੈ।ਬਿਜਲੀ ਮੁਲਾਜ਼ਮਾਂ ਦੀ ਜਥੇਬੰਦੀ ਵਿੱਚ ਕੰਮ ਕਰਦਿਆਂ ਸਮਾਜ ਵਿੱਚ ਔਰਤਾ ਦੀ ਦਸ਼ਾ ਅਤੇ ਦਿਸ਼ਾ ਨੂੰ ਸਮਝਦਿਆ ਉਹਨਾਂ ਦੀ ਬੰਦ ਖਿਲਾਸੀ ਲਈ ਜਥੇਬੰਦ ਘੋਲਾਂ ਵਿੱਚ ਸਰਗਰਮ ਭੂਮਿਕਾ ਨਿਭਾਈ ਹੈ।ਭਾਵੇਂ ਬਲਜਿੰਦਰ ਕੌਰ ਪਹਿਲਾ ਹੀ ਪਾਵਰਕੋਮ ਅਤੇ ਟਰਾਸਕੋ ਪੈਨਸ਼ਨਰਜ ਯੂਨੀਅਨ ਦੀ ਮੈਂਬਰ ਹੈ। ਮੁਲਾਜ਼ਮਾਂ ਦੀ ਜਥੇਬੰਦੀ ਵਿੱਚ ਕੰਮ ਕਰਦਿਆਂ ਸਮਾਜ ਵਿੱਚ ਔਰਤਾਂ ਦੀ ਦਸ਼ਾ ਅਤੇ ਦਿਸ਼ਾ ਨੂੰ ਸਮਝਦਿਆਂ , ਸਰਕਲ ਸਕੱਤਰ ਨਰਿੰਦਰ ਸਿੰਘ ਬੇਦੀ ਨੇ ਜਥੇਬੰਦੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਬੇਨਤੀ ਕੀਤੀ ਜਿਸਨੂੰ ਉਨ੍ਹਾਂ ਵੱਲੋਂ ਪਰਵਾਨ ਕਰ ਲਿਆ ਗਿਆ।

# "ਇਸ ਵਾਰ ਜੰਗ ਹੋਈ ਤਾਂ ਸਿਰਫ ਪੀਓਕੇ ਨਹੀਂ, ਕਰਤਾਰਪੁਰ ਅਤੇ ਨਨਕਾਨਾ ਸਾਹਿਬ ਵੀ ਵਾਪਸ ਲਵਾਂਗੇ": ਭਾਜਪਾ ਨੇਤਾਵਾਂ ਦਾ ਵੱਡਾ ਬਿਆਨ



ਅੰਮ੍ਰਿਤਸਰ, 1 ਮਈ (ਪ ਪ) ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸੁਖਮਿੰਦਰ ਸਿੰਘ ਪਿੰਟੂ ਅਤੇ ਮਹਿਲਾ ਮੋਰਚਾ ਭਾਜਪਾ ਅੰਮ੍ਰਿਤਸਰ ਦੀ ਪ੍ਰਧਾਨ ਤੇ ਕੌਂਸਲਰ ਸ਼ਰੁਤੀ ਵਿਜ, ਭਾਜਪਾ ਨੇਤਾ ਇੰਦਰਪਾਲ ਸਿੰਘ ਨੇ ਅੱਜ ਅਮ੍ਰਿਤਸਰ ਵਿੱਚ ਇੱਕ ਵੱਡਾ ਬਿਆਨ ਦਿੰਦੇ ਹੋਏ ਕਿਹਾ ਕਿ ਜੇਕਰ ਇਸ ਵਾਰ ਪਾਕਿਸਤਾਨ ਦੇ ਨਾਲ ਲੜਾਈ ਹੋਈ ਤਾਂ ਭਾਰਤ ਸਿਰਫ ਪਾਕਿਸਤਾਨ ਅਧਿਕ੍ਰਿਤ ਕਸ਼ਮੀਰ (ਫੌਖ) ਹੀ ਨਹੀਂ ਸਗੋਂ ਸ਼੍ਰੀ ਕਰਤਾਰਪੁਰ ਸਾਹਿਬ ਅਤੇ ਸ੍ਰੀ ਨਨਕਾਨਾ ਸਾਹਿਬ ਪਵਿਤਰ ਸਥਾਨਾਂ ਨੂੰ ਵੀ ਵਾਪਸ ਲਵੇਗਾ ।ਉਨ੍ਹਾਂ ਨੇ ਕਿਹਾ ਕਿ ਪਾਕਿਸਤਾਨ ਵਿੱਚ 1947 ਤੋਂ ਲੈ ਕੇ ਹੁਣ ਤੱਕ ਸਿੱਖਾਂ ਅਤੇ ਹਿੰਦੂਆਂ ਉੱਤੇ ਜ਼ੁਲਮ ਦਾ ਸਿਲਸਿਲਾ ਜਾਰੀ ਹੈ। ਉਨ੍ਹਾਂ ਨੇ ਵਿਕੀਪੀਡਿਆ ਅਤੇ ਪਾਕਿਸਤਾਨੀ ਜਨਗਣਨਾ ਦੇ ਆਂਕੜਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ 1947 ਵਿੱਚ ਪਾਕਿਸਤਾਨ ਵਿੱਚ 20 ਲੱਖ ਸਿੱਖ ਸਨ, ਜੋ ਹੁਣ ਘੱਟਕੇ ਸਿਰਫ 16 ਹਜਾਰ ਰਹਿ ਗਏ ਹਨ। ਜੇਕਰ ਉਸ ਸਮੇਂ ਸਿੱਖਾਂ ਦਾ ਨਰਸੰਹਾਰ ਅਤੇ ਜਬਰਨ ਧਰਮਾਂਤਰਣ ਨਹੀਂ ਹੋਇਆ ਹੁੰਦਾ ਤਾਂ ਅੱਜ ਉਨ੍ਹਾਂ ਦੀ ਜਨਸੰਖਿਆ 2% ਵਾਰਸ਼ਿਕ ਵਾਧਾ ਦਰ ਅਨੁਸਾਰ ਵਧਕੇ 94 ਲੱਖ ਤੋਂ ਜਿਆਦਾ ਹੁੰਦੀ। ਸਿਰਫ 16 ਹਜਾਰ ਸਿੱਖਾਂ ਦਾ ਬਚਨਾ ਇਸ ਗੱਲ ਦਾ ਪ੍ਰਮਾਣ ਹੈ ਕਿ ਪਾਕਿਸਤਾਨ ਵਿੱਚ ਸਿੱਖਾਂ ਅਤੇ ਹਿੰਦੂਆਂ ਦੇ ਨਾਲ ਕਿੰਨਾ ਜ਼ੁਲਮ ਅਤੇ ਬੇਇਨਸਾਫ਼ੀ ਹੋਈ ਹੈ।ਭਾਜਪਾ ਨੇਤਾਵਾਂ ਨੇ ਪ੍ਰਧਾਨਮੰਤਰੀ ਨਰੇਂਦਰ ਮੋਦੀ ਦੇ ਵਿਚਾਰਾਂ ਦਾ ਸਮਰਥਨ ਕਰਦੇ ਹੋਏ ਕਿਹਾ , "1947 ਵਿੱਚ ਕਰਤਾਰਪੁਰ ਅਤੇ ਨਨਕਾਨਾ ਸਾਹਿਬ ਪਾਕਿਸਤਾਨ ਨੂੰ ਸੌਂਪਨਾ ਕਾਂਗਰਸ ਦੀ ਇਤਿਹਾਸਿਕ ਭੁੱਲ ਸੀ। ਇਹ ਇੱਕ ਸੋਚੀ-ਸਮੱਝੀ ਸਾਜਿਸ਼ ਸੀ ਸਿੱਖਾਂ ਨੂੰ ਵੰਡਣ ਦੀ।ਉਨ੍ਹਾਂ ਨੇ ਅੱਗੇ ਕਿਹਾ,"1971 ਦੇ ਯੁੱਧ ਵਿੱਚ ਜਦੋਂ 93 ਹਜਾਰ ਪਾਕਿਸਤਾਨੀ ਫੌਜੀ ਸਾਡੀ ਕੈਦ ਵਿੱਚ ਸਨ, ਤੱਦ ਵੀ ਕਾਂਗਰਸ ਨੇ ਸਿੱਖਾਂ ਦੇ ਜਖ਼ਮ ਭਰਨ ਦਾ ਮੌਕਾ ਗਵਾਂ ਦਿੱਤਾ ਅਤੇ 1984 ਵਿੱਚ ਉਹੀ ਮਾਨਸਿਕਤਾ ਸਿੱਖ ਦੰਗੀਆਂ ਦੇ ਰੂਪ ਵਿੱਚ ਸਾਹਮਣੇ ਆਈ।"ਉਨ੍ਹਾਂ ਨੇ ਕਿਹਾ ਕਿ "ਇਸ ਵਾਰ ਜੇਕਰ ਲੜਾਈ ਹੋਈ ਤਾਂ ਅਸੀ ਸਿਰਫ ਫੌਖ ਨਹੀਂ ਸਗੋਂ ਕਰਤਾਰਪੁਰ ਸਾਹਿਬ, ਨਨਕਾਨਾ ਸਾਹਿਬ ਅਤੇ ਆਪਣੇ ਸਾਰੇ ਪਵਿਤਰ ਗੁਰੂਦਵਾਰਿਆਂ ਨੂੰ ਵਾਪਸ ਲਿਆਕੇ ਪੰਜਾਬ ਦੀ ਝੋਲੀ ਵਿੱਚ ਪਾਉਣਗੇ। ਸਾਡੇ ਗੁਰੂਆਂ ਦੇ ਜਨਮ ਸਥਾਨ ਦੀ ਇੱਕ ਇੰਚ ਜ਼ਮੀਨ ਵੀ ਪਾਕਿਸਤਾਨ ਦੇ ਕੱਬਜੇ ਵਿੱਚ ਨਹੀਂ ਛੱਡੀ ਜਾਵੇਗੀ।"

ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575

# ਤਪਾ ਪੁਲਿਸ ਵੱਲੋਂ 100 ਲੀਟਰ ਲਾਹਣ ਬਰਾਮਦ



ਤਪਾ ਮੰਡੀ, 1 ਮਈ (ਧੀਮਾਨ) ਜਿਲ੍ਹਾ ਪੁਲਿਸ ਮੁਖੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੀ.ਐਸ.ਪੀ ਤਪਾ ਗੁਰਬਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਤਪਾ ਪੁਲਿਸ ਨੇ 100 ਲੀਟਰ ਲਲਾਹਣ ਸਮੇਤ ਇੱਕ ਵਿਅਕਤੀ ਨੂੰ ਕਾਬੂ ਕਰਕੇ ਮਾਮਲਾ ਦਰਜ ਕੀਤਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਸਬ ਇੰਸਪੈਕਟਰ ਮੈਡਮ ਰੇਨੂੰ ਪਰੋਚਾ ਨੇ ਦੱਸਿਆ ਕਿ ਪੁਲਿਸ ਨੂੰ ਮੁਖਬਰ ਨੇ ਸੂਚਨਾ ਦਿੱਤੀ ਕਿ ਗੁਰਵਿੰਦਰ ਸਿੰਘ ਪੁੱਤਰ ਰਘੁਵੀਰ ਸਿੰਘ ਵਾਸੀ ਢਿਲਵਾਂ ਘਰ ਦੀ ਸਰਾਬ ਕਸੀਦ ਕਰਕੇ ਮਹਿੰਗੇ ਭਾਅ ਵੇਚਣ ਦਾ ਆਦੀ ਹੈ,ਅਗਰ ਰੇਡ ਕੀਤੀ ਜਾਵੇ ਤਾਂ ਸਫਲਤਾ ਹੱਥ ਲੱਗ ਸਕਦੀ ਹੈ। ਜਿਸ ਉਪਰੰਤ ਹੌਲਦਾਰ ਰੀਤੂ ਰਾਣੀ ਨੇ ਪੁਲਿਸ ਪਾਰਟੀ ਸਮੇਤ ਦੋਸ਼ੀ ਦੇ ਖੇਤ ਰੇਡ ਕਰਕੇ 100 ਲੀਟਰ ਲਾਹਣ ਬਰਾਮਦ ਕਰਕੇ ਦੋਸ਼ੀ ਨੂੰ ਮੌਕੇ ਤੇ ਕਾਬੂ ਕੀਤਾ। ਪੁਲਿਸ ਨੇ ਉਕਤ ਦੋਸ਼ੀ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਹੋਲਦਾਰ ਇਕਬਾਲ ਸਿੰਘ,ਸੰਦੀਪ ਸਿੰਘ ਅਤੇ ਕਰਮਜੀਤ ਸਿੰਘ ਆਦਿ ਪੁਲਿਸ ਮੁਲਾਜ਼ਮ ਮੌਜੂਦ ਸਨ।

# ਪਾਵਰਕਾਮ ਮੁਲਾਜ਼ਮ ਯੂਨਾਇਟਡ ਔਰਗਨਾਈਜੇਸ਼ਨ ਵੱਲੋਂ ਮਜ਼ਦੂਰ ਦਿਵਸ ਮਨਾਇਆ



ਤਪਾ ਮੰਡੀ,1 ਮਈ (ਧੀਮਾਨ) ਸਬ ਡਵੀਜ਼ਨ ਤਪਾ 1 ਅਤੇ 2 ਵਿਖੇ ਪਾਵਰਕਾਮ ਮੁਲਾਜ਼ਮ ਯੂਨਾਈਟਡ ਆਰਗੋਨਾਈਜ਼ੇਸ਼ਨ ਵੱਲੋਂ ਮਜ਼ਦੂਰ ਦਿਵਸ ਮਨਾਇਆ ਗਿਆ।ਇਸ ਮੌਕੇ ਸਮੂਹ ਮੁਲਾਜ਼ਮਾਂ ਵੱਲੋਂ ਝੰਡਾ ਲਹਿਰਾਇਆ ਗਿਆ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਮੁਲਾਜ਼ਮ ਆਗੂਆਂ ਨੇ ਕਿਹਾ ਕਿ ਕੌਮਾਂਤਰੀ ਮਜ਼ਦੂਰ ਦਿਵਸ, ਦੁਨੀਆ ਭਰ ਦੇ ਸਾਰੇ ਕਿਰਤੀ ਕਾਮਿਆਂ ਪ੍ਰਤੀ ਸਨਮਾਨ ਦਾ ਪ੍ਰਗਟਾਵਾ ਹੈ ਜਿਹਨਾਂ ਦੀ ਮਿਹਨਤ, ਹਰ ਮੁਲਕ ਦੀ ਤਰੱਕੀ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸਮੂਹ ਮਿਹਨਤਕਸ਼ਾਂ ਦਾ ਜੀਵਨ ਬਿਹਤਰ ਬਣਾਉਣ ਲਈ ਆਮ ਆਦਮੀ ਪਾਰਟੀ ਪੂਰੀ ਤਨਦੇਹੀ ਨਾਲ਼ ਕਾਰਜਸ਼ੀਲ ਹੈ।ਇਸ ਮੌਕੇ ਪ੍ਰਧਾਨ ਸੁਖਪਾਲ ਸਿੰਘ ਪੱਖੋ, ਮੀਤ ਪ੍ਰਧਾਨ ਜਗਸੀਰ ਰਾਮ,ਕੈਸ਼ੀਅਰ ਸੁਖਦੇਵ ਸਿੰਘ, ਜਗਮੀਤ ਸਿੰਘ, ਭੁਪਿੰਦਰ ਸਿੰਘ, ਸੁਖਵਿੰਦਰ ਸਿੰਘ, ਪ੍ਰਗਟ ਸਿੰਘ ਆਦਿ ਸਾਥੀ ਹਾਜ਼ਰ ਹਨ ।


## ਪੱਤਰਕਾਰਾਂ ਦੀ ਲੋੜ

ਅਦਾਰਾ ਫਤਿਹ ਟਾਈਮਜ਼ ਨੂੰ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਕਸਬਿਆਂ ਤੋਂ ਪੜ੍ਹੇ ਲਿਖੇ ਰਿਪੋਰਟਰਾਂ ਦੀ ਲੋੜ ਹੈ ਚਾਹਵਾਨ ਹੇਠ ਦਿੱਤੇ ਨੰਬਰ ਤੇ ਸੰਪਰਕ ਕਰਨ ।

ਮੋ:99885-37575


# ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅਮਰੀਕ ਸਿੰਘ ਰਾਜੂ ਭਰੋਵਾਲ ਨਾਲ ਕੀਤਾ ਦੁੱਖ ਸਾਂਝਾ



ਤਰਨ ਤਾਰਨ, 1 ਮਈ ਅਪ੍ਰੈਲ (ਐਸ ਐਸ ਸੰਧਾ ) ਜਿਲਾ ਤਰਨਤਾਰਨ ਦੇ ਅਧੀਨ ਆਉਂਦੇ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਪਿੰਡ ਭਰੋਵਾਲ ਦੇ ਕਿਸਾਨ ਆਗੂ ਅਮਰੀਕ ਸਿੰਘ ਰਾਜੂ ਦੇ ਪਰਿਵਾਰ ਤੇ ਉਸ ਵੇਲੇ ਦੁੱਖਾਂ ਦਾ ਪਹਾੜ ਟੁੱਟ ਪਿਆ ਜਦੋਂ ਉਨ੍ਹਾਂ ਦੇ ਵਿਦੇਸ਼ ਰਹਿੰਦੇ ਪੁੱਤਰ ਦੀ ਐਕਸੀਡੈਂਟ ਦੌਰਾਨ ਮੌਤ ਹੋ ਗਈ।ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਅਤੇ ਹਲਕਾ ਇੰਚਾਰਜ ਖਡੂਰ ਸਾਹਿਬ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅਮਰੀਕ ਸਿੰਘ ਰਾਜੂ ਨਾਲ ਉਨ੍ਹਾਂ ਦੇ ਗ੍ਰਹਿ ਵਿਖੇ ਅਫਸੋਸ ਪ੍ਰਗਟ ਕੀਤਾ। ਬ੍ਰਹਮਪੁਰਾ ਨੇ ਕਿਹਾ ਕਿ ਅਮਰੀਕ ਸਿੰਘ ਰਾਜੂ ਮੇਰੇ ਭਰਾਵਾਂ ਵਰਗੇ ਮਿੱਤਰ ਹਨ ਜੋ ਮੇਰੇ ਸਹਿਪਾਠੀ ਰਹੇ ਹਨ।ਬ੍ਰਹਮਪੁਰਾ ਨੇ ਅਮਰੀਕ ਸਿੰਘ ਦੇ ਪੁੱਤਰ ਦੇ ਤੁਰ ਜਾਣ ਨੂੰ ਵੱਡਾ ਘਾਟਾ ਦਸਦਿਆਂ ਕਿਹਾ ਕਿ ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾ ਵਿਚ ਨਿਵਾਸ ਦੇਵੇ ਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਿਸ਼ ਕਰੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਂਬਰ ਸ਼੍ਰੋਮਣੀ ਕਮੇਟੀ ਬਲਵਿੰਦਰ ਸਿੰਘ ਵੇਈਪੂਈ, ਡਾਕਟਰ ਇੰਦਰਜੀਤ ਸਿੰਘ ਵੇਈਪੂਈ, ਪਰਮਪਾਲ ਸਿੰਘ,ਦਲਬੀਰ ਸਿੰਘ ਭਰੋਵਾਲ, ਤਰਸੇਮ ਸਿੰਘ ਭਰੋਵਾਲ, ਡਾਕਟਰ ਹਰਪਾਲ ਸਿੰਘ ਭਰੋਵਾਲ ਆਦਿ ਹਾਜਰ ਸਨ।


ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼
CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

ਮੋ; 99885-37575